# PUNJABI

***(Three hours)***

*(Candidates are allowed additional 15 minutes for only reading the paper.*

*They must NOT start writing during this time.)*

---

*Answer questions **1, 2** and **3** in Section **A** and **four** other questions from Section **B** on **at least three** of the prescribed textbooks.*

*The intended marks for questions or parts of questions are given in brackets [ ].*

---

## SECTION A

### LANGUAGE - 50 Marks

**Question 1**

Write a composition in approximately 400 words in Punjabi on **any ONE** of the topics given below: **[20]**

ਹੇਠ ਲਿਖਿਆਂ ਵਿਚੋਂ ਕਿਸੇ ਵਿਸ਼ੇ ਉਪਰ ਲਗਭਗ 400 ਸ਼ਬਦਾਂ ਦਾ ਲੇਖ ਲਿਖੋ:

(i) ਮੇਰਾ ਮਨਭਾਉਂਦਾ ਸ਼ਹਿਰ।

(ii) ਦਹੇਜ ਪ੍ਰਥਾ ਨੂੰ ਖਤਮ ਕਰਨ ਵਿਚ ਅੱਜ ਦੇ ਨੌਜਵਾਨ ਦਾ ਸਭ ਤੋਂ ਵੱਡਾ ਯੋਗਦਾਨ ਹੋ ਸਕਦਾ ਹੈ, ਦਲੀਲਾਂ ਦਿੰਦੇ ਹੋਏ ਲੇਖ ਲਿਖੋ।

(iii) ਕੋਈ ਕਿਤਾਬ ਜਿਹੜੀ ਸਭ ਨੂੰ ਪੜ੍ਹਨੀ ਚਾਹੀਦੀ ਹੈ।

(iv) ਭਾਰਤੀ ਰਾਜਨੀਤੀ ਵਿੱਚ ਵੱਧ ਰਿਹਾ ਪਰਿਵਾਰਵਾਦ।

(v) ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਮੋਬਾਇਲ ਫੋਨ ਵਰਤਣ ਦੀ ਆਗਿਆ ਹੋਵੇ ਜਾਂ ਨਾਂ? ਕਿਸੇ ਇੱਕ ਪੱਖ ਤੇ ਆਪਣੇ ਵਿਚਾਰ ਲਿਖੋ।

(vi) ਹੇਠ ਲਿਖਿਆ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਮੌਲਿਕ ਕਹਾਣੀ ਲਿਖੋ:

(a) ਕਿਸਮਤ ਤੇ ਭਰੋਸਾ ਨਹੀਂ ਕਰਨਾ ਚਾਹੀਦਾ।

(b) ਇਹ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਸੀ। ਵਾਕ ਨਾਲ ਖਤਮ ਹੋਣ ਵਾਲੀ ਕੋਈ ਮੌਲਿਕ ਕਹਾਣੀ ਲਿਖੋ।

---



© *Copyright reserved.*

**Question 2**

Read the passage given below carefully and answer in Punjabi the questions that follow, using your own words:

ਹੇਠ ਲਿਖੀ ਲਿਖਤ ਪੜ੍ਹੋ ਅਤੇ ਇਸਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿਚ ਲਿਖੋ, ਜਿਥੋ ਤੱਕ ਹੋ ਸਕੇ ਆਪਣੀ ਸ਼ਬਦਾਵਲੀ ਦੀ ਵਰਤੋਂ ਕਰੋ।

ਮਨੁੱਖ ਦੇ ਨਕਾਰਾ ਆਲਸੀ ਜੀਵਨ ਨੇ ਅਤੇ ਇਸ ਦੀ ਸਦਾ ਚਰਦੇ ਰਹਿਣ ਵਾਲੀ ਰੁਚੀ ਨੇ ਇਸ ਸਥਿਤੀ ਨੂੰ ਸਗੋਂ ਹੋਰ ਵੀ ਗੰਭੀਰ ਬਣਾ ਛੱਡਿਆ ਹੈ। ਅਸਾਡੇ ਰਸਮ ਰਿਵਾਜ ਅਤੇ ਤਿੱਥ-ਤਿਹਾਰ, ਭਾਵੇਂ ਇਹ ਜਨਮ ਨਾਲ ਜੁੜੇ ਹੋਏ ਹਨ ਤੇ ਭਾਵੇਂ ਮਰਨ ਨਾਲ, ਬਿਨ੍ਹਾਂ ਮਿੱਠੇ-ਚਿਕਨੇ ਪ੍ਰੀਤੀ ਭੋਜਾਂ ਦੇ ਸਿਰੇ ਨਹੀਂ ਚੜ੍ਹਦੇ। ਵਿਆਹ ਸਮੇਂ ਤਾਂ ਖਾਣ ਪੀਣ ਤੋਂ ਬਿਨਾਂ ਦੂਜਾ ਕੋਈ ਹੋਸ਼ ਸਾਨੂੰ ਨਹੀਂ ਰਹਿੰਦਾ। ਫਿਰ ਤਿੰਨ ਵੱਡੇ ਭੋਜਨ ਅਸਾਡੀ ਸਭਨਾਂ ਦੀ ਨਿੱਤ ਦੀ ਕ੍ਰਿਆ ॥ਚ ਸ਼ਾਮਲ ਹਨ ਅਤੇ ਇਸ ਕ੍ਰਿਆ ਨੂੰ ਸਮੇਂ ਬੱਧ ਪੂਰਾ ਕਰਨੋਂ ਅਸੀਂ ਨਹੀਂ ਖੁੰਝਦੇ।

ਸਰੀਰਾਂ ਅੰਦਰ, ਇਸ ਪ੍ਰਕਾਰ, ਚਰਬੀ ਦੇ ਭੰਡਾਰ ਉਸਰਦੇ ਰਹਿੰਦੇ ਹਨ ਅਤੇ ਅਸੀਂ ਮੋਟੇ ਹੁੰਦੇ ਰਹਿੰਦੇ ਹਾਂ। ਚਰਬੀ ਦੇ ਅੰਬਾਰਾਂ ਨੂੰ ਘੱਟ ਕਰਨ ਲਈ ਨੱਠਣਾ-ਭੱਜਣਾ ਤਾਂ ਪਾਸੇ ਰਿਹਾ, ਅਸੀਂ ਤਾਂ ਤੁਰਨਾ ਵੀ ਤਰਕ ਕਰ ਛੱਡਿਆ ਹੈ। ਪੌੜੀਆਂ ਵੀ ਅਸੀਂ ਤਾਂ ਹੀ ਚੜ੍ਹਦੇ ਹਾਂ ਜੇਕਰ ਲਿਫਟ ਦਾ ਪ੍ਰਬੰਧ ਨਾ ਹੋਵੇ ਅਤੇ ਜਦ ਵੀ ਅਜਿਹਾ ਕਰਨਾ ਪੈਂਦਾ ਹੈ ਤਾਂ ਅਸਾਡਾ ਸਾਹ ਨਾਲ ਸਾਹ ਨਹੀਂ ਰਲਦਾ। ਹੱਥ ਨਾਲ ਕੁਝ ਕਰਨਾ ਅਸਾਡੇ ਲਈ ਨਮੋਸ਼ੀ ਬਣ ਗਿਆ ਹੈ ਅਤੇ ਸਾਈਕਲ ਤੇ ਸਵਾਰ ਹੋ ਕੇ ਬਾਹਰ ਜਾਂਦਿਆਂ ਅਸਾਂ ਨੂੰ ਸੰਗ ਆਉਂਦੀ ਹੈ। ਮੁਸ਼ੱਕਤ ਦੀ ਅਣਹੋਂਦ ਕਾਰਨ ਸਰੀਰ ਦੀਆਂ ਜੰਗਾਲੀਆਂ ਜਾ ਰਹੀਆਂ ਮਾਸਪੇਸ਼ੀਆਂ ਊਰਜਾ ਦਾ ਭੁਗਤਾਨ ਕਰਨ ਦੀ ਥਾਵੇਂ, ਚੀਸਾਂ ਨਾਲ ਕਸਮਸਾਉਣ ਲੱਗਦੀਆਂ ਹਨ ਅਤੇ ਹੱਡੀਆਂ ਦੇ ਜੋੜ ਕੰਮ ਕਰਨੋਂ ਰਹਿ ਜਾਂਦੇ ਹਨ। ਉਧਰ ਖਾਣ ॥ਚ ਸੰਜਮ-ਸੰਕੋਚ ਨਾ ਵਰਤਨ ਕਰਕੇ ਇਹ ਸਥਿਤੀ ਹੋਰ ਵੀ ਗੰਭੀਰ ਬਣ ਜਾਂਦੀ ਹੈ ਅਤੇ ਪਹਿਲਾਂ ਤੋਂ ਹੀ ਨਿਢਾਲ ਹੋਇਆ ਸਰੀਰ, ਮੋਟਾ ਹੋ ਕੇ, ਹਿੱਲਣ-ਜੁਲਣ ਦੇ ਯੋਗ ਨਹੀਂ ਰਹਿੰਦਾ।

ਖਾਣ-ਪੀਣ ॥ਚ ਅਸੀਂ ਇਸ ਲਈ ਵੀ ਸਬਰ-ਸੰਤੋਖ ਤੋਂ ਕੰਮ ਨਹੀਂ ਲੈਂਦੇ ਕਿਉਂਕਿ ਸਾਨੂੰ ਵਹਿਮ ਹੈ ਕਿ ਸਰੀਰ ਨੂੰ ਉਸੇ ਤੋਂ ਸ਼ਕਤੀ ਮਿਲਦੀ ਹੈ ਜੋ ਅਸੀਂ ਨਿੱਤ ਖਾਂਦੇ ਹਾਂ। ਭੋਜਨ ਨੂੰ ਅਸੀਂ ਅਜਿਹਾ ਬਾਲਣ ਸਮਝਦੇ ਹਾਂ, ਜਿਸ ਨੂੰ ਜਦ ਵੀ ਸਰੀਰ ਦੀ ਭੱਠੀ ॥ਚ ਝੋਕ ਦਿੱਤਾ ਜਾਂਦਾ ਹੈ ਤਾਂ ਇਹ ਝੱਟ ਬਲ ਕੇ ਸ਼ਕਤੀ ਬਣ ਜਾਦਾ ਹੈ। ਜੀਵਨ ਨਾਲ ਜੁੜੀ ਹੋਈ ਕੋਈ ਪ੍ਰਸਥਿਤੀ ਵੀ ਇੰਨੀ ਸਰਲ ਨਹੀਂ ਹੁੰਦੀ ਅਤੇ ਮਨੁੱਖ ਦੇ ਸਬੰਧ ॥ਚ ਤਾਂ ਕਦਾਚਿਤ ਨਹੀਂ। ਮਨੁੱਖ ਦੇ ਸਰੀਰ ਅੰਦਰ ਜੀਵਨ ਨਾਲ ਜੁੜੀਆਂ ਪ੍ਰਕਿਰਿਆਵਾਂ ਤਾਂ ਹੋਰ ਵੀ ਉਲਝਵੀਆਂ ਹਨ।

ਇਹ ਸਪੱਸ਼ਟ ਹੈ ਕਿ ਵਿਅਕਤੀ ਜੇਕਰ ਮੋਟਾ ਹੈ ਤਾਂ ਇਸ ਲਈ, ਕਿਉਂਕਿ ਉਸ ਨੇ ਉਚਿਤ ਜੀਵਨ-ਢੰਗ ਨਹੀਂ ਅਪਣਾਇਆ ਹੋਇਆ। ਨਿਰੋਲ ਮੁਟਾਪੇ ਕਾਰਨ ਹੀ ਮਨੁੱਖ ਦੇ ਰੋਗਾਂ ਦੀ ਸੂਚੀ ਲੰਮੀ ਹੁੰਦੀ ਜਾ ਰਹੀ ਹੈ। ਮੁਟਾਪੇ ਦੇ ਪਹਿਲੇ ਹੱਲੇ ਹੀ ਸਰੀਰ ਅੰਦਰ ਇਨਸੁਲੀਨ ਥੁੜ੍ਹਨ ਲੱਗਦੀ ਹੈ ਅਤੇ ਤਦ ਲਹੂ ਅੰਦਰ ਰਚੇ ਭੋਜਨ ਦੀ ਉਚਿਤ ਸੰਭਾਲ ਨਹੀਂ ਹੁੰਦੀ।

| | | |
|---|---|---|
| (i) | ਲੇਖਕ ਖਾਣ ਦੀ ਰੁਚੀ ਬਾਰੇ ਕੀ ਕਹਿੰਦਾ ਹੈ? | **[4]** |
| (ii) | ਸਾਡੇ ਰਸਮ ਰਿਵਾਜ ਕਿਹੋ ਜਿਹੇ ਹਨ? | **[4]** |
| (iii) | ਮੁਟਾਪੇ ਦਾ ਕੀ ਨੁਕਸਾਨ ਹੈ? | **[4]** |
| (iv) | ਮੁਟਾਪੇ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ? | **[4]** |
| (v) | ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ:<br>ਉਸਰਨਾ, ਅੰਬਾਰ, ਮੁਕੱਤ, ਸੰਜਮ। | **[4]** |

**Question 3**

(a) Correct the following sentences: **[5]**

ਹੇਠ ਲਿਖੇ ਵਾਕਾਂ ਵਿਚੋਂ ਚਾਰ ਸ਼ੁੱਧ ਕਰਕੇ ਲਿਖੋਂ।

(i) ਆਟਾ ਖਾ ਗਈ ਕੁੱਤੀ ਸਰਫਾ ਕਰਕੇ ਸੁੱਤੀ

(ii) ਤੋਤਾ ਟਾਹਣੀਆਂ ਤੇ ਬੈਠੇ ਮਿਰਚਾਂ ਖਾਂਦੇ ਹਨ।

(iii) ਨੌਂ ਦੋ ਇੱਕੀ ਹੋਣਾ।

(iv) ਬੀਤੇ ਸੋਮਵਾਰ ਰਾਮ ਦਿੱਲੀ ਜਾਵੇਗਾ।

(v) ਸਾਨੂੰ ਸਦ ਸੱਚ ਬੁਲਣਾ ਚਾਹੀਦਾ ਹੈ।

(b) Use the following idioms in sentences of your own to illustrate their meaning: **[5]**

ਹੇਠ ਲਿਖੇ ਮੁਹਾਵਰਿਆਂ ਨੂੰ ਆਪਣੇ ਵਾਕਾਂ ਵਿਚ ਵਰਤੋਂ:

(i) ਉਂਗਲਾਂ ਤੇ ਨਚਾਉਣਾ

(ii) ਅੱਖਾਂ ਵਿਚ ਰੜਕਣਾ

(iii) ਈਦ ਦਾ ਚੰਦ ਹੋਣਾ

(iv) ਆਈ ਚਲਾਈ ਕਰਨੀ

(v) ਚਾਦਰ ਵੇਖਕੇ ਪੈਰ ਪਸਾਰਨੇ।

## SECTION B

### PRESCRIBED TEXTBOOKS - 50 Marks

*Answer **four** questions from this Section on at least **three** of the prescribed textbooks.*

**ਕਥਾ ਸੰਗਮ** (Katha Sangam)

**Question 4**

ਹੇਠ ਲਿਖੀ ਲਿਖਤ ਪੜ੍ਹੋ ਤੇ ਪ੍ਰਸ਼ਨਾਂ ਦੇ ਉੱਤਰ ਦਿਉ:

ਖਾਲੀ ਛੰਨਾ ਬਚਨੋ ਵਲ ਕਰਦਿਆਂ ਉਹਨੇ ਹੁੰਗਾਰਾ ਦਿੱਤਾ, "ਸੌਣਾ ਕਿਹੜਾ ਮਿਲਦੈ ਸਹੁਰੇ ਨੀਂਦ ਭਰ ਕੇ ਦੋ ਰਾਤਾਂ ਹੋ ਗਈਆਂ ਇਸ ਤਰ੍ਹਾਂ" ਨੀਂਦ ਵਿਚ ਕੀਲਿਆ ਚੰਨਣ ਫੇਰ ਮੰਜੇ ਉਤੇ ਢੇਰੀ ਹੋ ਗਿਆ।

(i) ਉਪਰੋਕਤ ਸਤਰਾਂ ਕਿਹੜੀ ਕਹਾਣੀ ਵਿਚੋਂ ਲਈਆਂ ਗਈਆਂ ਹਨ? [1½]

(ii) ਚਨੰਣ ਕੌਣ ਹੈ? ਤੁਸੀਂ ਉਸ ਬਾਰੇ ਕੀ ਜਾਣਦੇ ਹੋ? [3]

(iii) ਚੰਨੱਣ ਇਸ ਵਕਤ ਕਿਥੇ ਹੈ ਤੇ ਉਹ ਕੀ ਚਾਹੁੰਦਾ ਹੈ? [3]

(iv) ਲੇਖਕ ਮੱਧ ਵਰਗੀ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਕਿਵੇਂ ਪੇਸ਼ ਕਰਦਾ ਹੈ? [5]

**Question 5**

ਗੋਈ (ਪ੍ਰੇਮ ਪ੍ਰਕਾਸ਼) ਕਹਾਣੀ ਕਿਸ ਵਿਸ਼ੇ ਨੂੰ ਲੈ ਕੇ ਲਿਖੀ ਗਈ ਹੈ ਇਸ ਕਹਾਣੀ ਦਾ ਸੰਖੇਪ ਸਾਰ ਲਿਖੋ? [12½]

**Question 6**

'ਲਗਾਤਾਰ ਵੱਧ ਰਹੀ ਵਸੋਂ ਤੋਂ ਮਨੁੱਖੀ ਲਾਪਰਵਾਹੀ' ਲੇਖ ਵਿੱਚ ਲੇਖਕ ਕਿਸ ਗੱਲ ਉਤੇ ਜੋਰ ਦਿੰਦਾ ਹੈ? ਅਤੇ ਕੁਦਰਤ ਸਬੰਧੀ ਉਸਦੇ ਵਿਚਾਰਾਂ ਨੂੰ ਸੰਖੇਪ ਵਿੱਚ ਲਿਖੋ। [12½]

**ਕਾਵਿਕਿਆਰੀ** (Kav-Keyari)

**Question 7**

ਹੇਠ ਦਿੱਤੀਆਂ ਸਤਰਾਂ ਨੂੰ ਪੜ੍ਹਕੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਉ:

"ਉਸ ਦੇਵ ਪੁਰੀ ਦਾ ਹਾਲ ਕਹੋ
ਟੁਕ ਗੋਲ ਸੁ ਗੰਗਾ ਰਾਮ ਲਈ
ਪਰ ਸੁਆਦ ਨਾ ਆਇਆ, ਸਿੱਟ ਦਈ
ਫਿਰ ਹੋਰ ਲਈ, ਟੁੱਕ ਸਿੱਟ ਦਈ"

(i) ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿਚੋਂ ਲਈਆਂ ਗਈਆਂ ਹਨ। [1½]

(ii) ਗੰਗਾ ਰਾਮ ਸਬੰਧੀ ਤੁਸੀਂ ਕੀ ਜਾਣਦੇ ਹੋ? [3]

(iii) ਗੰਗਾ ਰਾਮ ਨੂੰ ਗੋਲਾਂ ਸੁਆਦ ਦਿਉਂ ਨਹੀਂ ਲਗਦੀਆਂ? **[3]**

(iv) ਕਵੀ ਇਸ ਕਵਿਤਾ ਰਾਹੀਂ ਕੀ ਦੱਸਣਾ ਚਾਹੁੰਦਾ ਹੈ? **[5]**

**Question 8**

'ਚੰਡੀ ਦੀ ਵਾਰ' ਕਿਸ ਪ੍ਰਤੀਕ ਨੂੰ ਲੈ ਕੇ ਲਿਖੀ ਗਈ ਹੈ? ਅਤੇ ਰਣ ਭੂਮੀ ਦਾ ਦ੍ਰਿਸ਼ ਆਪਣੇ ਸ਼ਬਦਾਂ ਵਿਚ ਲਿਖੋ: **[12½]**

**Question 9**

ਮੋਹਨ ਸਿੰਘ ਦੀ ਕਵਿਤਾ 'ਤਾਜ ਮਹਲ' ਕਾ ਵਿਸ਼ਾ ਕੀ ਹੈ? ਅਤੇ ਕਵਿਤਾ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ? **[12½]**

## ਮੜ੍ਹੀ ਦਾ ਦੀਵਾ (Mari Da Diva)

**Question 10**

ਹੇਠ ਲਿਖੀ ਲਿਖਤ ਪੜੋ ਤੇ ਦਿਤੇ ਗਏ ਪ੍ਰਸ਼ਨਾਂ ਦੇ ਉਤਰ ਦਿਓ।

"ਨੰਦੀ ਕੀ ਦੱਸੇ ਕਿੰਨੀ ਵਾਰੀ ਉਸ ਇਸੇ ਗੱਲ ਪਿਛੇ ਝੂਠ ਬੋਲਿਆ ਸੀ, ਪਰ ਭਾਨੀ ਮਾਰ ਜੇ ਅਜਿਹੇ ਝੂਠ ਗੱਲ ਪਿਛੇ ਝੂਠ ਚੱਲਣ ਦਿੰਦੇ ਹੁੰਦੇ ਤਾਂ ਸਾਇਦ ਕਿਸੇ ਦਾ ਕੋਈ ਵੀ ਕੁਆਰਾ ਨਾ ਰਹਿੰਦਾ"।

(i) ਨੰਦੀ ਨੇ ਕਿਹੜੀ ਗੱਲ ਦਾ ਝੂਠ ਬੋਲਿਆ ਸੀ। **[1½]**

(ii) ਉਸ ਨੂੰ ਅਜਿਹਾ ਝੂਠ ਕਿਉਂ ਬੋਲਣਾ ਪਿਆ। **[3]**

(iii) ਇਸ ਪਰਿਵਾਰ ਦੀ ਆਰਥਿਕ ਹਾਲਤ ਬਾਰੇ ਦੱਸੋ। **[3]**

(iv) ਨੰਦੀ ਦੇ ਸੁਭਾਅ ਬਾਰੇ ਦੱਸੋ? **[5]**

**Question 11**

ਜਗਸੀਰ ਦਾ ਪਾਤਰ ਚਿਤਰਨ ਕਰੋ ਅਤੇ ਭਾਨੋ ਦੇ ਸੁਭਾਅ ਨਾਲ ਉਸਦੀ ਤੁਲਨਾ ਕਰੋ **[12½]**

**Question 12**

ਨਾਵਲ ਦਾ ਸਿਰਲੇਖ ਕਿਥੋਂ ਤੱਕ ਸਾਰਥਕ ਹੈ ਅਤੇ ਨਾਵਲ ਵਿਚ ਦਲਿਤ ਪਰਿਵਾਰਾਂ ਨੂੰ ਕਿਵੇ ਪੇਸ਼ ਕੀਤਾ ਗਿਆ ਹੈ? **[12½]**

## ਕਲ੍ਹ ਅੱਜ ਤੇ ਭਲਕ (Kal Ajj Te Bahalak)

**Question 13**

ਹੇਠ ਲਿਖੀ ਲਿਖਤ ਪੜੋ ਅਤੇ ਇਸਦੇ ਅਖੀਰ ਵਿਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

ਲਾਜੋ- ਜੀ ਹਾਂ ਪਿਤਾ ਜੀ ਨੇ ਦੱਸੀ ਹੈ ਸਾਰੀ ਗੱਲ

(ਬਾਕੀ ਦੋਵੇਂ ਪਾਤਰ ਜਰਾ ਫਾਸਲੇ ਤੇ ਖੜੇ ਕੇ ਗੱਲਾਂ ਕਰਨ ਲੱਗ ਜਾਂਦੇ ਹਨ)

ਭਲਵਾਨ- ਸੁਵਾਗਤ ਸਮੇਂ ਤੁਸੀਂ ਸਾਡੇ ਨਾਲ ਰਹਿਣਾ ਏ, ਮੰਚ ਉਤੇ ਵੀ ਤੁਸੀਂ ਮੰਤਰੀ ਲਾਗੇ ਬੈਠਣਾ ਹੈ।

(i) ਲਾਜੋ ਤੋਂ ਜਰਾ ਫਾਸਲੇ ਤੇ ਖੜ੍ਹੇ ਪਾਤਰ ਕੌਣ-ਕੌਣ ਹਨ? **[1½]**

(ii) ਭਲਵਾਨ ਕਿਉਂ ਚਾਹੁੰਦਾ ਹੈ ਕਿ ਲਾਜੋ ਮੰਚ ਉਤੇ ਮੰਤਰੀ ਜੀ ਦੇ ਲਾਗੇ ਬੈਠੇ? **[3]**

(iii) ਇਸ ਵਾਰਤਾਲਾਪ ਤੋਂ ਬਾਅਦ ਲਾਜੋ ਉੱਚੀ-ਉੱਚੀ ਕਿਉਂ ਹੱਸਦੀ ਹੈ? **[3]**

(iv) ਤੁਸੀਂ ਲਾਜੋ ਬਾਰੇ ਕੀ ਜਾਣਦੇ ਹੋ? **[5]**

**Question 14**

ਇਸ ਨਾਟਕ ਵਿਚੋਂ ਤੁਹਾਨੂੰ ਸਭ ਤੋਂ ਵਧੀਆ ਘਟਨਾ ਕਿਹੜੀ ਲੱਗਦੀ ਹੈ, ਆਪਣੇ ਸ਼ਬਦਾਂ ਵਿਚ ਲਿਖੋ ਅਤੇ ਦੱਸੋ ਇਹ ਘਟਨਾ ਨਾਟਕ ਦੀ ਸਭ ਤੋਂ ਪ੍ਰਭਾਵਪੂਰਕ ਘਟਨਾ ਕਿਉਂ ਹੈ? **[12½]**

**Question 15**

'ਕੱਲ ਅੱਜ ਤੇ ਭਲਕ' ਦਾ ਅਰਥ ਇਸ ਨਾਟਕ ਦਾ ਅਧਾਰ ਤੇ ਸਪੱਸ਼ਟ ਕਰੋਂ ਅਤੇ ਦੱਸੋ ਕਿ ਨਾਟਕਕਾਰ ਆਪਣੇ ਇਸ-ਸਿਰਲੇਖ ਰਾਹੀਂ ਆਪਣਾ ਸੰਦੇਸ਼ ਦੇਣ ਵਿੱਚ ਕਾਮਯਾਬ ਹੋਇਆ ਹੈ ਜਾਂ ਨਹੀਂ, ਆਪਣੇ ਉੱਤਰ ਦਲੀਲਾਂ ਸਹਿਤ ਦਿਉ? **[12½]**

---